# ਪੰਜਾਬ ਵਿਧਾਨ ਸਭਾ ਸਕੱਤਰੇਤ

ਸੋਮਵਾਰ, ਮਿਤੀ 18 ਫਰਵਰੀ, 2019 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਨਿਸ਼ਾਨ ਵਾਲੇ ਪ੍ਰਸ਼ਨ।

## ਭਿਖੀਵਿੰਡ ਅਤੇ ਵਲਟੋਹਾ ਬਲਾਕਾਂ ਵਿਚ ਅਧਿਆਪਕਾਂ ਦੀਆਂ ਮਨਜੂਰਸ਼ੁਦਾ ਅਸਾਮੀਆਂ

*1854. ਸਰਦਾਰ ਸੁਖਪਾਲ ਸਿੰਘ ਭੁੱਲਰ, ਐਮ.ਐਲ.ਏ.:- ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਭਿਖੀਵਿੰਡ ਅਤੇ ਵਲਟੋਹਾ ਬਲਾਕਾਂ ਵਿੱਚ ਅਧਿਆਪਕਾਂ ਦੀਆਂ ਕੁੱਲ ਮਨਜੂਰਸ਼ੁਦਾ ਅਸਾਮੀਆਂ ਦੀ ਗਿਣਤੀ ਕਿੰਨੀ ਹੈ ਅਤੇ ਉਥੇ ਬਿਨਾਂ ਆਧਿਆਪਕਾਂ ਵਾਲੇ ਪ੍ਰਾਇਮਰੀ ਅਤੇ ਸੈਕੰਡਰੀ ਸਕੂਲਾਂ ਦੀ ਗਿਣਤੀ ਕਿੰਨੀ ਹੈ ਅਤੇ ਇਥੇ ਖਾਲ੍ਹੀ ਪਈਆਂ ਅਸਾਮੀਆਂ ਕਿੰਨੇ ਸਮੇਂ ਵਿੱਚ ਭਰ ਦਿੱਤੀਆਂ ਜਾਣਗੀਆਂ?

## ਚਰਾਂਦ ਲਈ ਛੱਡੀ ਗਈ ਜਮੀਨ ਨੂੰ ਕਬਜਾ ਮੁਕਤ ਕਰਵਾਉਣਾ

*2022. ਡਾ. ਹਰਜੋਤ ਕਮਲ ਸਿੰਘ, ਐਮ.ਐਲ.ਏ.:- ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਪਿੰਡ ਸਲੀਨਾ ਜ਼ਿਲ੍ਹਾ ਮੋਗਾ ਵਿੱਚ ਤਕਰੀਬਨ 104 ਏਕੜ (836 ਕਨਾਲ 4 ਮਰਲੇ) ਚਰਾਂਦ ਲਈ ਛੱਡੀ ਗਈ ਜਮੀਨ ਨੂੰ ਵਿਲੇਜ-ਕੌਮਨ ਲੈਂਡ ਐਕਟ ਅਧੀਨ ਲਿਆ ਕੇ ਨਜਾਇਜ਼ ਕਾਬਜਕਾਰਾਂ ਤੋਂ ਛੁਡਾ ਕੇ ਕੋਈ ਸਰਕਾਰੀ ਪ੍ਰੋਜੈਕਟ ਲਾਉਂਣ ਲਈ ਉਪਰਾਲਾ ਕਰ ਰਹੀ ਹੈ ਜਾਂ ਕਰੇਗੀ?

## ਰੋਜ਼ਗਾਰ ਦਫਤਰ ਦੁਆਰਾ ਲੋਕਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣਾ

*1968. ਸ਼੍ਰੀ. ਅਵਤਾਰ ਸਿੰਘ ਜੂਨੀਅਰ, ਐਮ.ਐਲ.ਏ.:- ਕੀ ਰੋਜ਼ਗਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਾਲ 2017-18 ਦੌਰਾਨ ਸਰਕਾਰ ਦੁਆਰਾ ਜਲੰਧਰ ਜ਼ਿਲ੍ਹੇ ਦੇ ਰੋਜ਼ਗਾਰ ਦਫਤਰ ਦੇ ਅਮਲੇ (ਉਨਾਂ ਦੀਆਂ ਤਨਖਾਹਾਂ ਅਤੇ ਅਨੁਲਾਭ ਆਦਿ), ਇਮਾਰਤ, ਬੁਨਿਆਦੀ ਢਾਂਚੇ, ਦੂਜੇ ਬਿੱਲਾਂ ਆਦਿ ਉੱਤੇ ਕੁੱਲ ਕਿੰਨਾਂ ਖਰਚ ਕੀਤਾ ਗਿਆ;

ਅ) ਸਾਲ 2017-18 ਦੌਰਾਨ ਉਕਤ ਰੋਜ਼ਗਾਰ ਦਫਤਰ ਵਿੱਚ ਨੌਕਰੀ ਦੀ ਭਾਲ ਕਰ ਰਹੇ ਕਿੰਨੇ ਵਿਅਕਤੀਆਂ ਨੂੰ ਰਜਿਸਟਰ ਕੀਤਾ ਗਿਆ;

ੲ) ਸਾਲ 2017-2018 ਦੌਰਾਨ ਉਪਰਕਤ ਰੋਜ਼ਗਾਰ ਦਫਤਰ ਰਾਹੀਂ ਸਫਲਤਾਪੁਰਵਕ ਰੋਜ਼ਗਾਰ ਪ੍ਰਾਪਤ ਕਰ ਚੁੱਕੇ ਵਿਅਕਤੀਆਂ ਦੀ ਗਿਣਤੀ ਕਿੰਨੀ ਹੈ?

## ਰਾਜ ਵਿਚ ਟਰਾਂਸਪੋਰਟ ਅਧਿਕਾਰੀਆਂ ਦੀ ਗਿਣਤੀ

*1851. ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ, ਐਮ.ਐਲ.ਏ.:- ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਰਾਜ ਵਿਚ ਮੌਜੂਦਾ ਸਮੇਂ ਵਿਚ ਤੈਨਾਤ ਰੀਜਨਲ ਟਰਾਂਸਪੋਰਟ ਅਧਿਕਾਰੀਆਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਹਰੇਕ ਕੇਸ ਵਿਚ ਉਹਨਾਂ ਦੀ ਉਸ ਸਥਾਨ ਤੇ ਤੈਨਾਤੀ ਦਾ ਕੁੱਲ ਸੇਵਾ ਸਮਾਂ ਕਿੰਨਾ ਹੈ;

ਅ) ਬਦਲੀ ਉਦੇਸ ਲਈ ਇਕ ਸਥਾਨ ਤੇ ਉਹਨਾਂ ਦੇ ਸਮੇਂ ਸਬੰਧੀ ਸਰਕਾਰ ਦੀ ਨੀਤੀ ਕੀ ਹੈ?

## ਸਰਕਾਰੀ ਅਤੇ ਏਡਿਡ ਕਾਲਜਾਂ ਵਿਚ ਗੈਸਟ ਟੀਚਰਾਂ ਦੀ ਭਰਤੀ ਰਿਜਰਵੇਸ਼ਨ ਨਿਯਮਾਂ ਅਨੁਸਾਰ ਕਰਨਾ

***1947. ਸ਼੍ਰੀ ਬੁੱਧ ਰਾਮ, ਐਮ.ਐਲ.ਏ.**:- ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਕੀ ਇਹ ਠੀਕ ਹੈ ਕਿ ਸਰਕਾਰੀ ਅਤੇ ਸਰਕਾਰ ਤੋਂ ਸਹਾਇਤਾ ਪ੍ਰਾਪਤ ਕਾਲਜਾ ਵਿੱਚ ਖਾਲੀ ਪੋਸਟਾਂ ਤੇ ਹਰ ਸਾਲ ਗੈਸਟ ਟੀਚਰ (ਲੈਕਚਰਾਰ) ਭਰਤੀ ਕੀਤੇ ਜਾਂਦੇ ਹਨ; ਜੇਕਰ ਅਜਿਹਾ ਹੋਵੇ ਤਾਂ ਕੀ ਇਹਨਾ ਦੀ ਭਰਤੀ ਰਿਜਰਵੇਸ਼ਨ (ਐਸ.ਸੀ/ ਬੀ.ਸੀ. ਲਈ) ਦੇ ਰੋਸਟਰ ਮੁਤਾਬਕ ਕੀਤੀ ਜਾਂਦੀ ਹੈ; ਜੇਕਰ ਨਹੀਂ ਕੀਤੀ ਜਾਂਦੀ ਹੈ ਤਾਂ ਸਰਕਾਰ ਜਿੰਮੇਂਵਾਰ ਅਧਿਕਾਰੀਆਂ ਖਿਲਾਫ ਕੀ ਕਾਰਵਾਈ ਕਰ ਰਹੀ ਹੈ;

**ਅ)** ਕੀ ਸਰਕਾਰ 2019-20 ਦੇ ਸੈਸ਼ਨ ਲਈ ਨਵੇਂ ਨਿਯੁਕਤ ਹੋਣ ਵਾਲੇ ਪ੍ਰੋਫੈਸਰਾਂ/ਲੈਕਚਰਾਰਾਂ ਲਈ ਰਿਜਰਵੇਸ਼ਨ ਐਕਟ ਅਨੁਸਾਰ ਨਿਯੁਕਤੀ ਲਈ ਕੋਈ ਤਜਵੀਜ਼ ਲਿਆਵੇਗੀ?

## ਜ਼ੀਰਾ ਕੋਆਪ੍ਰੇਟਿਵ ਸ਼ੂਗਰ ਮਿੱਲ ਨੂੰ ਚਾਲੂ ਕਰਨਾ

***2059. ਸਰਦਾਰ ਕੁਲਬੀਰ ਸਿੰਘ ਜ਼ੀਰਾ, ਐਮ.ਐਲ.ਏ.**:- ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਜ਼ੀਰਾ ਕੋਆਪ੍ਰੇਟਿਵ ਸ਼ੂਗਰ ਮਿੱਲ, ਜ਼ੀਰਾ ਦੇ ਬੰਦ ਹੋਣ ਦੇ ਕੀ ਕਾਰਨ ਹਨ ਅਤੇ ਇਹ ਸ਼ੂਗਰ ਮਿੱਲ ਦੁਬਾਰਾ ਕਦੋਂ ਤੱਕ ਚਲਾ ਦਿੱਤੀ ਜਾਵੇਗੀ;

**ਅ)** ਜੇਕਰ ਸਰਕਾਰ ਸ਼ੂਗਰ ਮਿੱਲ ਚਲਾਉਣ ਤੋਂ ਅਸਮਰਥ ਹੈ ਤਾਂ ਕੀ ਸਰਕਾਰ ਇਸ ਸ਼ੂਗਰ ਮਿੱਲ ਦੀ 101 ਏਕੜ ਜ਼ਮੀਨ ਕਿਸੇ ਹੋਰ ਇੰਡਸਟਰੀ ਵਾਸਤੇ ਵਰਤੋਂ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ ਇਹ ਯੋਜਨਾ ਅਮਲ ਵਿਚ ਲਿਆਂਦੀ ਜਾਵੇਗੀ?

## ਦਸ਼ਮੇਸ਼ ਲਿੰਕ ਨਹਿਰ ਬਣਾਉਣਾ

***1844** 1. ਸਰਦਾਰ ਹਰਦਿਆਲ ਸਿੰਘ ਕੰਬੋਜ, ਐਮ.ਐਲ.ਏ.)

2. ਰਾਣਾ ਗੁਰਜੀਤ ਸਿੰਘ, ਐਮ.ਐਲ.ਏ.) :- ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਮੋਹਾਲੀ, ਜ਼ੀਰਕਪੁਰ, ਬਨੂੜ, ਡੇਰਾਬਸੀ ਤੇ ਲਾਲੜੂ ਆਦਿ ਖੇਤਰਾਂ ਵਿੱਚ ਪਾਣੀ ਦੀ ਕਿੱਲਤ ਦੂਰ ਕਰਨ ਹਿੱਤ ਦਸ਼ਮੇਸ਼ ਲਿੰਕ ਨਹਿਰ ਬਨਾਉਣ ਦੀ ਤਜਵੀਜ਼ ਤਿਆਰ ਕੀਤੀ ਗਈ ਸੀ; ਜੇਕਰ ਕੀਤੀ ਗਈ ਸੀ ਤਾਂ ਇਹ ਕਿਹੜੇ ਸਾਲ ਵਿੱਚ ਕੀਤੀ ਗਈ ਸੀ;

ਅ) ਇਸ ਤਿਆਰ ਕੀਤੀ ਤਜਵੀਜ਼ ਦਾ ਮੌਜੂਦਾ ਸਟੇਟਸ ਕੀ ਹੈ ਅਤੇ ਕੀ ਸਰਕਾਰ ਦਸਮੇਸ਼ ਲਿੰਕ ਨਹਿਰ ਬਣਾਉਣ ਬਾਰੇ ਵਿਚਾਰ ਕਰੇਗੀ; ਜੇਕਰ ਕਰੇਗੀ ਤਾਂ ਇਸ ਲਈ ਕਦੋਂ ਤੱਕ ਕਾਰਵਾਈ ਸ਼ੁਰੂ ਕਰ ਦਿੱਤੀ ਜਾਵੇਗੀ?

## ਅਬੋਹਰ ਸ਼ਹਿਰ ਦੇ ਬਿਜਲੀ ਘਰਾਂ ਨੂੰ ਅਪਗ੍ਰੇਡ ਕਰਨਾ ਅਤੇ ਤਾਰਾਂ ਤੇ ਖੰਭਿਆਂ ਨੂੰ ਬਦਲਣਾ

*2033. ਸ਼੍ਰੀ ਅਰੁਣ ਨਾਰੰਗ, ਐਮ.ਐਲ.ਏ.:- ਕੀ ਊਰਜਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਅਬੋਹਰ ਸ਼ਹਿਰ ਦੇ ਬਿਜਲੀ ਘਰਾਂ ਨੂੰ ਅੱਪਗ੍ਰੇਡ ਕਰਨ ਅਤੇ ਸ਼ਹਿਰ ਦੀਆਂ ਬਿਜਲੀ ਦੀਆਂ ਤਾਰਾਂ ਅਤੇ ਖੰਭਿਆਂ ਨੂੰ ਬਦਲਣ ਦੀ ਕੋਈ ਤਜਵੀਜ ਹੈ; ਜੇਕਰ ਅਜਿਹਾ ਹੋਵੇ ਤਾਂ ਕੇਂਦਰ ਸਰਕਾਰ ਅਤੇ ਰਾਜ ਸਰਕਾਰ ਵੱਲੋਂ ਇਸ ਸਕੀਮ ਲਈ ਕਿੰਨੇ-ਕਿੰਨੇ ਫੰਡ ਦਿੱਤੇ ਗਏ ਹਨ ਤੇ ਇਸ ਕੰਮ ਦੀ ਅਜੋਕੀ ਸਥਿਤੀ ਕੀ ਹੈ ਅਤੇ ਇਸ ਕੰਮ ਨੂੰ ਕਦੋਂ ਤੱਕ ਮੁਕੰਮਲ ਕਰ ਲਿਆ ਜਾਵੇਗਾ, ਵੇਰਵੇ ਸਹਿਤ ਦੱਸਿਆ ਜਾਵੇ?

## ਮਲੋਟ-ਸ਼੍ਰੀ ਮੁਕਤਸਰ ਸਾਹਿਬ ਸੜਕ ਨੂੰ ਚੌੜਾ ਅਤੇ ਰਿਪੇਅਰ ਕਰਨਾ

***1907. ਸਰਦਾਰ ਕੰਵਰਜੀਤ ਸਿੰਘ ਰੋਜੀ, ਐਮ.ਐਲ.ਏ.**:- ਕੀ ਲੋਕ ਨਿਰਮਾਣ (ਭ ਅਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

ੳ) ਕੀ ਮਲੋਟ-ਸ਼੍ਰੀ ਮੁਕਤਸਰ ਸਾਹਿਬ ਰੋਡ ਨੂੰ ਚੌੜਾ ਕਰਨ ਤੇ ਇਸ ਦੀ ਰਿਪੇਅਰ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਅਜਿਹਾ ਹੋਵੇ ਤਾਂ ਉਸਦੇ ਵੇਰਵੇ ਕੀ ਹਨ ;

ਅ) ਸ਼੍ਰੀ ਮੁਕਤਸਰ ਸਾਹਿਬ ਵਿਖੇ ਜਲਾਲਾਬਾਦ-ਸ਼੍ਰੀ ਮੁਕਤਸਰ ਸਾਹਿਬ ਰੋਡ ਤੇ ਰੇਲਵੇ ਓਵਰ ਬ੍ਰਿਜ ਦੀ ਉਸਾਰੀ ਦੀ ਅਜੋਕੀ ਸਥਿਤੀ ਕੀ ਹੈ?

ਪਰਤੋਂ ਜੀ....

**ਪੰਜਾਬ ਪੁਲਿਸ ਵੱਲੋਂ ਭਗੌੜਾ ਕਰਾਰ ਦਿੱਤੇ ਮੁਲਜ਼ਮਾਂ ਦੀ ਗਿਣਤੀ**

***1791. ਸਰਦਾਰ ਨਾਜ਼ਰ ਸਿੰਘ ਮਾਨਸ਼ਾਹੀਆ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਪੁਲਿਸ ਵੱਲੋਂ ਹੁਣ ਤੱਕ ਕਿੰਨੇ ਮੁਲਜ਼ਮਾਂ ਨੂੰ ਭਗੌੜਾ ਕਰਾਰ ਦਿੱਤਾ ਹੋਇਆ ਹੈ ਅਤੇ ਇਨ੍ਹਾਂ ਭਗੌੜੇ ਮੁਲਜ਼ਮਾਂ ਨੂੰ ਫੜਨ ਲਈ ਪੰਜਾਬ ਪੁਲਿਸ ਕੀ ਕਾਰਵਾਈ ਕਰ ਰਹੀ ਹੈ?

**ਮੰਡੀ ਗੋਬਿੰਦਗੜ੍ਹ ਵਿਖੇ ਟਰੋਮਾ ਐਮਰਜੈਂਸੀ ਸਰਵਿਸ ਸੈਂਟਰ ਖੋਲ੍ਹਣਾ**

***1943. ਸਰਦਾਰ ਰਣਦੀਪ ਸਿੰਘ ਨਾਭਾ, ਐਮ.ਐਲ.ਏ.**:- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਮੰਡੀ ਗੋਬਿੰਦਗੜ੍ਹ ਦੇ ਉਦਯੋਗਿਕ ਗੜ੍ਹ ਹੋਣ ਕਰਕੇ ਉਥੇ ਉਦਯੋਗਿਕ ਕਾਮਿਆਂ ਦੇ ਐਮਰਜੈਂਸੀ ਇਲਾਜ ਲਈ ਟਰੋਮਾ ਐਮਰਜੈਂਸੀ ਸਰਵਿਸ ਸੈਂਟਰ ਪੀ ਪੀ ਪੀ ਮੋਡ ਅਧੀਨ ਖੋਲ੍ਹਣ ਲਈ ਵਿਚਾਰ ਕਰੇਗੀ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ?

ਪਠਾਨਕੋਟ ਸ਼ਹਿਰ ਵਾਸਤੇ ਬਰਸਾਤੀ ਪਾਣੀ ਦੀ ਨਿਕਾਸੀ ਲਈ ਬਜਟ ਮਨਜ਼ੂਰ ਕਰਨਾ

***1863. ਸ਼੍ਰੀ. ਅਮਿਤ ਵਿੱਜ, ਐਮ.ਐਲ.ਏ.**:- ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਠਾਨਕੋਟ ਸ਼ਹਿਰ ਵਾਸਤੇ ਬਰਸਾਤੀ ਪਾਣੀ ਦੀ ਨਿਕਾਸੀ ਲਈ ਲੱਗਭੱਗ 10 ਕਰੋੜ ਰੁਪਏ ਦਾ ਬਜਟ ਕਦੋਂ ਤੱਕ ਮਨਜ਼ੂਰ ਕਰ ਦਿੱਤਾ ਜਾਵੇਗਾ?

ਰਾਜ ਵਿੱਚ ਪ੍ਰਾਈਵੇਟ ਬੱਸ ਸਰਵਿਸ ਨੂੰ ਘਟਾਉਣਾ

***1872. ਡਾ. ਰਾਜ ਕੁਮਾਰ ਚੱਬੇਵਾਲ, ਐਮ.ਐਲ.ਏ.**:- ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਸਰਕਾਰ ਦੀ ਪ੍ਰਾਈਵੇਟ ਬੱਸ ਸੇਵਾ ਸਰਵਿਸ ਨੂੰ ਘਟਾ ਕੇ ਸਰਕਾਰੀ ਟਰਾਂਸਪੋਰਟ ਸਰਵਿਸ ਨੂੰ ਸਮਰੱਥ ਬਣਾਉਣ ਦੀ ਨੀਤੀ ਕੀ ਹੈ ਅਤੇ ਨਵੀਂ ਟਰਾਂਸਪੋਰਟ ਨੀਤੀ ਦੇ ਤਹਿਤ ਰਾਜ ਵਿੱਚ ਕਿੰਨੇ ਸਕੱਤਰ ਆਰ.ਟੀ.ਏ. ਨਿਯੁਕਤ ਕੀਤੇ ਗਏ ਹਨ?

ਪਿੰਡ ਬਿਲਾਸਪੁਰ ਵਿਖੇ ਡਿਗਰੀ ਕਾਲਜ ਖੋਲਣਾ

***2054. ਸਰਦਾਰ ਮਨਜੀਤ ਸਿੰਘ ਬਿਲਾਸਪੁਰ, ਐਮ.ਐਲ.ਏ.**:- ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਮੋਗਾ ਵਿੱਚ 8 ਪਿੰਡਾਂ ਦੇ ਸੈਂਟਰ ਪਿੰਡ ਬਿਲਾਸਪੁਰ ਵਿਖੇ ਡਿਗਰੀ ਕਾਲਜ ਖੋਲ੍ਹਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

ਧੁੱਸੀ ਬੰਧ ਬਨਾਉਣਾ

***1984 ਸਰਦਾਰ ਸੰਤੋਖ ਸਿੰਘ ਭਲਾਈਪੁਰ, ਐਮ.ਐਲ.ਏ.**:- ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਦਰਿਆ ਬਿਆਸ, ਕਸਬਾ ਬਿਆਸ ਤੋਂ ਲੈ ਕੇ ਗੋਇੰਦਵਾਲ ਸਾਹਿਬ ਤੱਕ ਸੱਜੇ ਕੰਢੇ ਤੇ ਜਮੀਨ ਨੂੰ ਬਹੁਤ ਢਾਹ ਲਾ ਰਿਹਾ ਹੈ ਜਿਸ ਨਾਲ ਬਹੁਤ ਸਾਰੇ ਕਿਸਾਨਾਂ ਦੀ, ਪੰਚਾਇਤਾਂ ਦੀ ਅਤੇ ਜੰਗਲਾਤ ਵਿਭਾਗ ਦੀ ਜਮੀਨ ਖੁਰ ਕੇ ਦਰਿਆ ਵਿੱਚ ਰੁੜ੍ਹ ਰਹੀ ਹੈ ਅਤੇ ਕਿਸਾਨਾਂ, ਪੰਚਾਇਤਾਂ ਅਤੇ ਜੰਗਲਾਤ ਮਹਿਕਮੇ ਨੂੰ ਭਾਰੀ ਨੁਕਸਾਨ ਹੋ ਰਿਹਾ ਹੈ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉਤਰ ਹਾਂ ਵਿੱਚ ਹੈ ਤਾਂ ਇਸ ਰੁੜ੍ਹ ਰਹੀ ਜਮੀਨ ਨੂੰ ਬਚਾਉਣ ਲਈ ਦਰਿਆ ਦੇ ਦੋਨਾਂ ਪਾਸਿਆਂ ਤੇ ਕੋਈ ਧੁੱਸੀ ਬੰਧ ਬਣਾਉਣ ਅਤੇ ਸੱਜੇ ਪਾਸੇ ਸਪਰਸ਼ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਸਨੂੰ ਕਦੋਂ ਤੱਕ ਅਮਲੀ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ?

ਮਿਆਣੀ ਤੋਂ ਦਸੂਹਾ ਸੜਕ ਦੀ ਮੁਰੰਮਤ ਕਰਵਾਉਣਾ

***1987. ਸਰਦਾਰ ਸੰਗਤ ਸਿੰਘ ਗਿਲਜੀਆਂ, ਐਮ.ਐਲ.ਏ.**:- ਕੀ ਲੋਕ ਨਿਰਮਾਣ (ਭ ਅਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਮਿਆਣੀ ਤੋਂ ਦਸੂਹਾ ਸੜਕ ਦੀ ਮੁਰੰਮਤ ਪਹਿਲਤਾ ਦੇ ਅਧਾਰ ਤੇ ਕਰਨ ਲਈ ਵਿਚਾਰ ਕਰੇਗੀ; ਜੇਕਰ ਹਾਂ ਤਾਂ ਇਸ ਦੇ ਵੇਰਵੇ ਕੀ ਹਨ?

ਸਿਵਲ ਹਸਪਤਾਲ, ਲਹਿਰਾ ਅਤੇ ਮੂਣਕ ਵਿੱਚ ਡਾਕਟਰਾਂ/ਪੈਰਾ ਮੈਡੀਕਲ ਸਟਾਫ ਦੀਆਂ ਅਸਾਮੀਆਂ ਦੀ ਗਿਣਤੀ

***2074. ਸਰਦਾਰ ਪਰਮਿੰਦਰ ਸਿੰਘ ਢੀਂਡਸਾ, ਐਮ.ਐਲ.ਏ.**:- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਿਵਲ ਹਸਪਤਾਲ, ਲਹਿਰਾ ਅਤੇ ਮੂਣਕ (ਜ਼ਿਲ੍ਹਾ ਸੰਗਰੂਰ) ਵਿੱਚ ਡਾਕਟਰਾਂ ਅਤੇ ਪੈਰਾ ਮੈਡੀਕਲ ਸਟਾਫ਼ ਦੀਆਂ ਕਿੰਨੀਆਂ-2 ਮਨਜ਼ੂਰਸ਼ੁਦਾ ਅਸਾਮੀਆਂ ਹਨ ਅਤੇ ਇਸ ਵੇਲੇ ਇਨ੍ਹਾਂ ਵਿੱਚੋਂ ਕਿੰਨੀਆਂ ਅਸਾਮੀਆਂ ਭਰੀਆਂ ਹੋਈਆਂ ਹਨ ਅਤੇ ਖਾਲੀ ਪਈਆਂ ਅਸਾਮੀਆਂ ਨੂੰ ਕਦੋਂ ਤੱਕ ਭਰ ਦਿੱਤਾ ਜਾਵੇਗਾ?

ਬੱਸ ਅੱਡਾ ਸਮਾਣਾ ਨੂੰ ਸ਼ਹਿਰ ਤੋਂ ਬਾਹਰ ਸ਼ਿਫਟ ਕਰਨਾ

***1930. ਸਰਦਾਰ ਰਾਜਿੰਦਰ ਸਿੰਘ, ਐਮ.ਐਲ.ਏ.**:- ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਸਮਾਣਾ ਹਲਕੇ ਵਿੱਚ ਆਵਾਜਾਈ ਦੀ ਸਮੱਸਿਆ ਅਤੇ ਏਰੀਆ/ਸ਼ਹਿਰ ਦੇ ਲੋਕਾਂ ਦੀ ਅਸੁਵਿਧਾ ਦਾ ਹੱਲ ਕਰਨ ਲਈ ਸਮਾਣਾ ਬੱਸ ਅੱਡੇ ਨੂੰ ਇਸਦੀ ਮੌਜੂਦਾ ਥਾਂ ਤੋਂ ਸ਼ਹਿਰ ਦੇ ਬਾਹਰ ਕਿਸੇ ਹੋਰ ਖੁਲ੍ਹੀ ਥਾਂ ਤੇ ਬਦਲਣ ਦਾ ਵਿਚਾਰ ਕਰੇਗੀ; ਜੇਕਰ ਅਜਿਹਾ ਹੈ ਤਾਂ ਇਸਦੇ ਵੇਰਵੇ ਕੀ ਹਨ?

ਲੁਧਿਆਣਾ ਤੋਂ ਰਾਹੋਂ ਨਵੀਂ ਚੌੜੀ ਸੜਕ ਬਨਾਉਣਾ

***2069. ਸਰਦਾਰ ਸ਼ਰਨਜੀਤ ਸਿੰਘ ਢਿੱਲੋਂ , ਐਮ.ਐਲ.ਏ.**:- ਕੀ ਲੋਕ ਨਿਰਮਾਣ (ਭ ਅਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਲੁਧਿਆਣਾ ਤੋਂ ਰਾਹੋਂ ਵਾਇਆ ਮੱਤੇਵਾਲ ਰੋਡ ਤੇ ਸਤਲੁਜ ਦਰਿਆ ਤੇ ਇੱਕ ਨਵਾਂ ਪੁੱਲ ਉਸਾਰਿਆ ਹੋਇਆ ਹੈ; ਜੇਕਰ ਅਜਿਹਾ ਹੋਵੇ ਤਾਂ ਲੁਧਿਆਣਾ ਤੋਂ ਰਾਹੋਂ (ਵਾਇਆ ਮੱਤੇਵਾਲ) ਤੱਕ ਇੱਕ ਨਵੀਂ ਚੌੜੀ ਸੜਕ ਕਦੋਂ ਤੱਕ ਬਣਾਉਂਣ ਦੀ ਸਰਕਾਰ ਦੀ ਤਜਵੀਜ਼ ਹੈ?

ਜ਼ਿਲ੍ਹਾ ਸੰਗਰੂਰ ਦੇ ਪਿੰਡਾਂ ਛਾਜਲੀ ਅਤੇ ਮਹਿਲਾ ਨੂੰ ਨੋਟੀਫਾਈਡ ਏਰੀਆ ਕਮੇਟੀ ਬਨਾਉਣਾ

***2046. ਸਰਦਾਰ ਹਰਪਾਲ ਸਿੰਘ ਚੀਮਾ, ਐਮ.ਐਲ.ਏ.**:- ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਿੰਡ ਛਾਜਲੀ ਅਤੇ ਪਿੰਡ ਮਹਿਲਾ (ਹਲਕਾ ਦਿੜ੍ਹਬਾ), ਜ਼ਿਲ੍ਹਾ ਸੰਗਰੂਰ ਨੂੰ ਨੋਟੀਫਾਈਡ ਏਰੀਆ ਕਮੇਟੀ ਬਣਾਏ ਜਾਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਬਣਾਏ ਜਾਣ ਦੀ ਸੰਭਾਵਨਾ ਹੈ?

ਚੰਡੀਗੜ੍ਹ
ਮਿਤੀ 13 ਫਰਵਰੀ, 2019

ਸੁਪਰਡੰਟ
ਪੰਜਾਬ ਵਿਧਾਨ ਸਭਾ
ਚੰਡੀਗੜ੍ਹ

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ,
ਪੰਜਾਬ ਵਿਧਾਨ ਸਭਾ।